

# ਮੇਰਾ ਨਿਦਾਨ ਹੋਇਆ

## ਇਸਦੇ ਲਈ *My Care Record* (ਮਾਈ ਕੇਅਰ ਰਿਕਾਰਡ) ਵਿੱਚ ਦਿੱਤੀ ਜਾਣਕਾਰੀ ਦਾ ਧੰਨਵਾਦ।

ਤੁਹਾਡਾ ਜੀ.ਪੀ., ਹਸਪਤਾਲ, ਕਮਿਉਨਿਟੀ ਸਿਹਤ, ਮਾਨਸਿਕ ਸਿਹਤ ਅਤੇ ਸਮਾਜਕ ਦੇਖਭਾਲ ਦੀਆਂ ਸਾਰੀਆਂ ਟੀਮਾਂ ਤੁਹਾਡੀ ਦੇਖਭਾਲ ਬਾਰੇ ਵੱਖਰੇ ਤੌਰ ਤੇ ਰਿਕਾਰਡ ਰੱਖ ਸਕਦੀਆਂ ਹਨ।

ਅਕਸਰ, ਸਿਰਫ ਇੱਕੋ ਸੰਸਥਾ ਦੇ ਸਿਹਤ ਅਤੇ ਦੇਖਭਾਲ ਪੇਸ਼ੇਵਰ ਹੀ ਇਸ ਜਾਣਕਾਰੀ ਨੂੰ ਦੇਖ ਸਕਦੇ ਹਨ। ਇਸਦਾ ਮਤਲਬ ਹੈ ਕਿ ਵਧੀਆ ਦੇਖਭਾਲ ਪ੍ਰਦਾਨ ਕਰਨ ਲਈ ਇਕੱਠੇ ਕੰਮ ਕਰਨਾ ਉਨ੍ਹਾਂ ਲਈ ਮੁਸ਼ਕਿਲ ਹੋ ਸਕਦਾ ਹੈ।

ਜਦੋਂ ਜਾਣਕਾਰੀ ਨੂੰ ਵਧੇਰੇ ਸੰਮਿਲਿਤ ਢੰਗ ਨਾਲ ਉਪਲਬਧ ਕੀਤਾ ਜਾਂਦਾ ਹੈ ਤਾਂ ਸਿਹਤ ਅਤੇ ਦੇਖਭਾਲ ਪੇਸ਼ੇਵਰ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਤੇਜ਼ ਅਤੇ ਵਧੇਰੇ ਪ੍ਰਭਾਵਸ਼ਾਲੀ ਦੇਖਭਾਲ ਪ੍ਰਦਾਨ ਕਰ ਸਕਦੇ ਹਨ।

*My Care Record ਤੁਹਾਡੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਸਿਹਤ ਅਤੇ ਦੇਖਭਾਲ ਪੇਸ਼ੇਵਰਾਂ ਨੂੰ ਤੁਹਾਡੀ ਜਾਣਕਾਰੀ ਇਸਤੇਮਾਲ ਕਰਨ ਦੇ ਯੋਗ ਬਣਾਉਂਦਾ ਹੈ।*

ਇਹ ਪ੍ਰਦਾਨ ਕਰਦਾ ਹੈ:

- ਬਿਹਤਰ ਤਾਲਮੇਲ ਵਾਲੀ ਦੇਖਭਾਲ
- ਤੇਜ਼ ਨਿਦਾਨ ਅਤੇ ਇਲਾਜ
- ਦੇਖਭਾਲ ਉੱਤੇ ਬਿਤਾਉਣ ਲਈ ਵਧੇਰੇ ਸਮਾਂ
- ਘੱਟ ਦਸਤਾਵੇਜ਼ੀ ਕੰਮ ਅਤੇ ਘੱਟ ਦੁਹਰਾਵ
- ਕੁਝ ਗੈਰ ਲੋੜੀਂਦੀਆਂ ਕਲਿਨਕੀ ਜਾਂਚਾਂ
- ਵਧੇਰੇ ਸਟੀਕ ਨੁਸਖੇ
- ਸਿਹਤ ਅਤੇ ਦੇਖਭਾਲ ਦੀ ਬਿਹਤਰ ਯੋਜਨਾ

My Care Record

ਤੁਹਾਡੇ ਖੇਤਰ ਦੀਆਂ ਸਿਹਤ ਅਤੇ ਦੇਖਭਾਲ ਸੰਸਥਾਵਾਂ ਇੱਕ ਤਰੀਕੇ ਨੂੰ ਲਾਗੂ ਕਰਨ ਲਈ ਇਕੱਠਿਆਂ ਮਿਲ ਕੇ ਕੰਮ ਕਰ ਰਹੀਆਂ ਹਨ ਜਿਸਨੂੰ ***My Care Record*** ਕਿਹਾ ਜਾਂਦਾ ਹੈ।

***My Care Record*** ਸਿਹਤ ਅਤੇ ਦੇਖਭਾਲ ਪੇਸ਼ੇਵਰਾਂ ਨੂੰ, ਵੱਖ-ਵੱਖ ਸੰਸਥਾਵਾਂ ਜਾਂ ਵੱਖ-ਵੱਖ ਜਗ੍ਹਾਵਾਂ ਉੱਤੇ ਕੰਮ ਕਰਨ ਦੇ ਬਾਵਜੂਦ ਵੀ, ਤੁਹਾਡੀ ਦੇਖਭਾਲ ਕਰਨ ਲਈ ਉਨ੍ਹਾਂ ਦੁਆਰਾ ਲੋੜੀਂਦੀ ਜਾਣਕਾਰੀ ਦਾ ਇਸਤੇਮਾਲ ਕਰਨ ਦੇ ਯੋਗ ਬਣਾਉਂਦਾ ਹੈ। ਇਸ ਵਿੱਚ ਜੀ.ਪੀ., ਹਸਪਤਾਲ ਕਲੀਨਿਸ਼ੀਅਨ, ਨਰਸਾਂ, ਸਿਹਤ ਮੁਲਾਕਾਤੀ ਅਤੇ ਸਮਾਜਿਕ ਕਰਮਚਾਰੀ ਸ਼ਾਮਿਲ ਹੋ ਸਕਦੇ ਹਨ। ਇਸਨੂੰ ਇੰਗਲੈਂਡ ਦੇ ਪੂਰਬ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

## *My Care Record ਕੰਮ ਕਿਵੇਂ ਕਰਦਾ ਹੈ?*

***My Care Record*** ਸਿਹਤ ਅਤੇ ਦੇਖਭਾਲ ਦੀ ਸੰਮਿਲਿਤ ਜਾਣਕਾਰੀ ਦੁਆਰਾ ਦੇਖਭਾਲ ਨੂੰ ਬਿਹਤਰ ਬਣਾਉਣ ਸੰਬੰਧੀ ਇੱਕ ਤਰੀਕਾ ਹੈ।

ਖੇਤਰ ਵਿੱਚ ਕਈ ਵੱਖਰੇ ਸੁਰੱਖਿਅਤ ਕੰਪਿਊਟਰ ਸਿਸਟਮ ਇਸਤੇਮਾਲ ਕੀਤੇ ਜਾਂਦੇ ਹਨ। ਇਹ ਸਿਹਤ ਅਤੇ ਦੇਖਭਾਲ ਪੇਸ਼ੇਵਰਾਂ ਨੂੰ ਹੋਰ ਸੇਵਾਵਾਂ ਦੁਆਰਾ ਬਰਕਰਾਰ ਰੱਖੇ ਤੁਹਾਡੇ ਰਿਕਾਰਡਾਂ ਤੱਕ ਡਿਜੀਟਲ ਢੰਗ ਨਾਲ ਪਹੁੰਚ ਕਰਨ ਦੀ ਆਗਿਆ ਦਿੰਦੇ ਹਨ। ਕੁਝ ਖੇਤਰਾਂ ਵਿੱਚ ਸਿਸਟਮ ਪਹਿਲਾਂ ਤੋਂ ਮੌਜੂਦ ਹਨ, ਦੂਜੇ ਖੇਤਰਾਂ ਵਿੱਚ ਹੋਰ ਵੀ ਕੰਮ ਚੱਲ ਰਿਹਾ ਹੈ।

***My Care Record*** ਸ਼ਾਮਿਲ ਸਾਰੀਆਂ ਸੰਸਥਾਵਾਂ ਵਿਚਕਾਰ ਇੱਕ ਸਮਝੌਤਾ ਵੀ ਪ੍ਰਦਾਨ ਕਰਦਾ ਹੈ। ਇਸਦਾ ਮਤਲਬ ਹੈ ਕਿ ਉਹ ਤੁਹਾਡੀ ਦੇਖਭਾਲ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰਦੇ ਹੋਏ ਇੱਕ ਸੁਰੱਖਿਅਤ ਤਰੀਕੇ ਨਾਲ ਜਾਣਕਾਰੀ ਨੂੰ ਸਾਂਝਾ ਕਰਨ ਲਈ ਵਚਨਬੱਧ ਹਨ।

## *ਮੇਰੀ ਜਾਣਕਾਰੀ ਕੌਣ ਦੇਖ ਸਕਦਾ ਹੈ?*

ਜਿੱਥੇ ਵੀ ਸੰਭਵ ਹੋਵੇ, ਤੁਹਾਡੀ ਦੇਖਭਾਲ ਲਈ ਜ਼ਰੂਰਤ ਪੈਣ ਸਮੇਂ ਸਿਹਤ ਅਤੇ ਦੇਖਭਾਲ ਪੇਸ਼ੇਵਰ ਦੂਸਰੀਆਂ ਸੇਵਾਵਾਂ ਤੋਂ ਤੁਹਾਡੇ ਰਿਕਾਰਡਾਂ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ।

***My Care Record*** ਨੂੰ ਸਿਰਫ ਤੁਹਾਡੀ ਦੇਖਭਾਲ ਵਿੱਚ ਸ਼ਾਮਿਲ ਪੇਸ਼ੇਵਰਾਂ ਦੁਆਰਾ ਹੀ ਇਸਤੇਮਾਲ ਕੀਤਾ ਜਾਵੇਗਾ। ਇਹ ਤੁਹਾਡੇ ਲਾਭਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ। ਤੀਜੀਆਂ ਧਿਰਾਂ, ਕੰਪਨੀਆਂ ਜਾਂ ਵਿਅਕਤੀ ਜੋ ਸਿੱਧੇ ਤੌਰ ਤੇ ਤੁਹਾਡੀ ਦੇਖਭਾਲ ਵਿੱਚ ਸ਼ਾਮਿਲ ਨਹੀਂ ਹਨ ਉਹ ਤੁਹਾਡੇ ਰਿਕਾਰਡ ਨੂੰ ਦੇਖਣ ਦੇ ਯੋਗ ਨਹੀਂ ਹੋਣਗੇ।



***My Care Record*** ਤਰੀਕਾ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਜੀ.ਡੀ.ਪੀ.ਆਰ.) ਦੇ ਅਨੁਕੂਲ ਹੈ। ਤੁਹਾਡੀ ਸਾਰੀ ਜਾਣਕਾਰੀ ਨੂੰ ਸੁਰੱਖਿਅਤ ਤਰੀਕੇ ਨਾਲ ਪ੍ਰੋਸੈਸ ਕੀਤਾ ਜਾਵੇਗਾ।

ਕੁਝ ਜਾਣਕਾਰੀ ਸੇਵਾਵਾਂ ਦੀ ਵਰਤੋਂ ਅਤੇ ਭਵਿੱਖ ਲਈ ਯੋਜਨਾ ਬਣਾਉਣ ਵਿੱਚ ਸਹਾਇਤਾ ਲਈ ਵੀ ਵਰਤੀ ਜਾਏਗੀ। ਜਿਵੇਂ ਕਿ, ਇਹ ਭਵਿੱਖ ਵਿੱਚ ਤੁਹਾਡੀ ਦੇਖਭਾਲ ਕਰਨ ਲਈ ਲੋੜੀਂਦੇ ਡਾਕਟਰਾਂ, ਨਰਸਾਂ ਅਤੇ ਦੇਖਭਾਲ ਕਰਮਚਾਰੀਆਂ ਦੀ ਸੰਖਿਆ ਦੀ ਯੋਜਨਾ ਬਣਾਉਣ ਲਈ ਸਾਡੀ ਮਦਦ ਕਰੇਗੀ। ਇਸ ਜਾਣਕਾਰੀ ਨਾਲ ਕੰਮ ਕਰਦੇ ਲੋਕ ਤੁਹਾਡੀ ਪਛਾਣ ਕਰਵਾਉਣ ਵਾਲੇ ਵੇਰਵਿਆਂ, ਜਿਵੇਂ ਤੁਹਾਡੇ ਨਾਮ ਨੂੰ ਨਹੀਂ ਵੇਖਣਗੇ।

## *ਕੀ ਮੈਂ ਇਤਰਾਜ਼ ਕਰ ਸਕਦਾ/ਸਕਦੀ ਹਾਂ?*

ਤੁਸੀਂ ਸੇਵਾਵਾਂ ਦੇ ਵਿਚਕਾਰ ਆਪਣੇ ਰਿਕਾਰਡ ਨੂੰ ਸਾਂਝਾ ਕਰਨ ਉੱਤੇ ਇਤਰਾਜ਼ ਕਰ ਸਕਦੇ ਹੋ। ਜੇ ਤੁਸੀਂ ਇਤਰਾਜ਼ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਤੁਹਾਡੀ ਦੇਖਭਾਲ ਕਰਨ ਵਾਲੇ ਸਿਹਤ ਅਤੇ ਦੇਖਭਾਲ ਪੇਸ਼ੇਵਰਾਂ ਨਾਲ ਗੱਲ ਕਰਨੀ ਚਾਹੀਦੀ ਹੈ। ਉਦਾਹਰਣ ਵਜੋਂ, ਤੁਹਾਡਾ ਜੀ.ਪੀ।

ਤੁਹਾਡੀ ਦੇਖਭਾਲ ਲਈ ਜਾਣਕਾਰੀ ਨੂੰ ਸਾਂਝਾ ਕਰਨਾ ਅਕਸਰ ਬਹੁਤ ਜ਼ਰੂਰੀ ਹੁੰਦਾ ਹੈ। ਸਾਂਝਾ ਨਾ ਕਰਨ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡੀ ਮਦਦ ਕਰਨ ਦੇ ਸਭ ਤੋਂ ਵਧੀਆ ਤਰੀਕੇ ਨੂੰ ਕੰਮ ਵਿੱਚ ਲਿਆਉਣ ਵਿੱਚ ਬਹੁਤ ਸਮਾਂ ਲੱਗੇਗਾ। ਬਹੁਤ ਸਾਰੀਆਂ ਸੇਵਾਵਾਂ ਨੂੰ ਤੁਹਾਡੀ ਦੇਖਭਾਲ ਕਰਨ ਲਈ ਜਾਣਕਾਰੀ ਨੂੰ ਸਾਂਝਾ ਕਰਨ ਦੀ ਹੁੰਦੀ ਜ਼ਰੂਰਤ ਹੈ।

ਜੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਆਪਣੇ ਜੀ.ਪੀ. ਜਾਂ ਕਿਸੇ ਹੋਰ ਸਿਹਤ ਅਤੇ ਦੇਖਭਾਲ ਪੇਸ਼ੇਵਰ ਨਾਲ ਗੱਲ ਕਰੋ ਜੋ ਤੁਹਾਡੀ ਮਦਦ ਕਰ ਰਿਹਾ ਹੈ।

*ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ* ***www.mycarerecord.org.uk*** *ਉੱਤੇ ਜਾਓ ਜਿਸ ਵਿੱਚ ਹਿੱਸਾ ਲੈਣ ਵਾਲੀਆਂ ਸੰਸਥਾਵਾਂ ਸ਼ਾਮਿਲ ਹਨ।*

October 2020 V1.0
Punjabi